ਤੁਰੰਤ ਰਿਲੀਜ ਲਈ

# ਸਿਟੀ, ਸਰਟੀਫਾਇਡ ਡਾਇਵਰਸ ਕਾਰੋਬਾਰਾਂ ਲਈ ਬ੍ਰੈਂਪਟਨ ਵਿੱਚ ਹੋਰ ਮੌਕੇ ਪੈਦਾ ਕਰ ਰਹੀ ਹੈ

ਬ੍ਰੈਂਪਟਨ, ਓਨਟੈਰੀਓ (16 ਨਵੰਬਰ, 2020) – ਸਿਟੀ ਆਫ ਬ੍ਰੈਂਪਟਨ, ਅਧਿਕਾਰਤ ਤੌਰ ਤੇ, ਬਿਲਕੁੱਲ ਨਵੇਂ ਪੰਜ ਗੈਰ-ਲਾਭ ਸਪਲਾਇਰ ਸਰਟੀਫਿਕੇਸ਼ਨ ਸੰਗਠਨਾਂ: ਬਾਇ ਸੋਸ਼ਲ ਕੈਨੇਡਾ (Buy Social Canada); ਕੈਨੇਡਿਅਨ ਐਬਓਰਿਜਿਨਲ ਐਂਡ ਮਾਇਨੋਰਿਟੀ ਸਪਲਾਇਰ ਕਾਉਂਸਿਲ (Canadian Aboriginal and Minority Supplier Council); ਕੈਨੇਡਿਅਨ ਗੇ ਐਂਡ ਲੈਸਬੀਅਨ ਚੈਂਬਰ ਆਫ ਕੌਮਰਸ (Canadian Gay and Lesbian Chamber of Commerce); ਇਨਕਲੂਸਿਵ ਵਰਕਪਲੇਸ ਸਪਲਾਈ ਕਾਉਂਸਿਲ ਆਫ ਕੈਨੇਡਾ ਐਂਡ ਡਬਲਯੂ.ਬੀ.ਈ. ਕੈਨੇਡਾ (Inclusive Workplace Supply Council of Canada and WBE Canada), ਸਰਟੀਫਾਇਡ ਵੂਮੈਨ ਬਿਜਨੇਸ ਐਂਟਰਪ੍ਰਾਈਜੇਸ (Certified Women Business Enterprises) ਦੀ ਕਾਰਪੋਰੇਟ ਮੈਂਬਰ (Corporate Member) ਹੈ।

ਇਸਦਾ ਮਤਲਬ ਹੈ ਕਿ ਸਿਟੀ ਦੇ ਖਰੀਦ ਸਬੰਧੀ ਪ੍ਰੋਜੈਕਟਾਂ ਤੇ ਬੋਲੀ ਲਗਾਉਣ ਅਤੇ ਬ੍ਰੈਂਪਟਨ ਵਿੱਚ ਹੋਰ ਕਾਰੋਬਾਰ ਕਰਨ ਲਈ, ਸਿਟੀ, ਛੋਟੇ ਅਤੇ ਦਰਮਿਆਨੇ ਕਾਰੋਬਾਰੀਆਂ ਲਈ ਬਰਾਬਰੀ ਵਾਲੀ ਪਹੁੰਚ ਪੈਦਾ ਕਰ ਰਹੀ ਹੈ, ਇਹਨਾਂ ਵਿੱਚ ਸ਼ਾਮਲ ਹਨ, ਪਰੰਤੂ ਇਹਨਾਂ ਤੱਕ ਸੀਮਿਤ ਨਹੀਂ ਹਨ, ਔਰਤਾਂ, ਇੰਡੀਜੀਨਸ ਲੋਕ, ਪ੍ਰਤੱਖ ਅਲਪ ਸੰਖਿਅਕ, ਸਾਬਕਾ ਫੌਜੀ, ਅਪਾਹਜਪੁਣੇ ਵਾਲੇ ਵਿਅਕਤੀ, LGBTQ2S-ਮਾਲਕਾਂ ਵਾਲੇ ਸੰਗਠਨ ਅਤੇ ਸਮਾਜਿਕ ਉਦੇਸ਼ ਵਾਲੇ ਐਂਟਰਪ੍ਰਾਈਜ।

ਇਹ ਸਿਟੀ ਦੇ ਨਵੇਂ ਸਪਲਾਈ ਚੇਨ ਡਾਇਵਰਸਿਟੀ ਪ੍ਰੋਗਰਾਮ (Supply Chain Diversity Program) ਵਿੱਚ ਇੱਕ ਮਹੱਤਵਪੂਰਣ ਉਪਲਬਧੀ ਹੈ, ਜੋ ਸਰਟੀਫਾਇਡ ਡਾਇਵਰਸ ਸਪਲਾਇਰਸ ਨੂੰ, 25,000 ਡਾਲਰ ਤੋਂ 100,000 ਡਾਲਰ ਤੱਕ ਦੇ ਮੁੱਲ ਵਾਲੇ ਪ੍ਰੋਜੈਕਟਾਂ ਦੀ ਸਿਟੀ ਵੱਲੋਂ ਖਰੀਦ ਤੇ ਬੋਲੀ ਲਗਾਉਣ ਵਾਸਤੇ ਬਰਾਬਰ ਪਹੁੰਚ ਪ੍ਰਦਾਨ ਕਰਦਾ ਹੈ। ਡਾਇਵਰਸ (ਵਿਵਿਧ) ਸਪਲਾਇਰ ਇੱਕ ਅਜਿਹਾ ਕਾਰੋਬਾਰ ਹੈ, ਜੋ ਬਰਾਬਰੀ-ਚਾਹੁਣ ਵਾਲੇ ਭਾਈਚਾਰੇ ਜਾਂ ਸਮਾਜਿਕ ਉਦੇਸ਼ ਵਾਲੇ ਐਂਟਰਪ੍ਰਾਈਜ ਵੱਲੋਂ, ਘੱਟੋ-ਘੱਟ 51 ਪ੍ਰਤੀਸ਼ਤ ਦੀ ਮਾਲਕੀ, ਪ੍ਰਬੰਧਨ ਅਤੇ ਨਿਯੰਤਰਣ ਵਾਲਾ ਹੋਵੇ।

ਬ੍ਰੈਂਪਟਨ, ਟੋਰੋਂਟੋ (Toronto) ਦੇ ਨਾਲ, ਗੈਰ-ਲਾਭ ਸਪਲਾਇਰ ਸਰਟੀਫਿਕੇਸ਼ਨ ਸੰਗਠਨਾਂ ਅਤੇ ਸਪਲਾਈ ਚੇਨ ਡਾਇਵਰਸਿਟੀ ਪ੍ਰੋਗਰਾਮ ਦੇ ਕਾਰਪੋਰੇਟ ਮੈਂਬਰ ਵਾਲੀਆਂ, ਦੋ ਮਿਊਨਿਸਿਪਲਟੀਜ ਵਿੱਚੋਂ ਇੱਕ ਵਜੋਂ, ਡਾਇਵਰਸ ਕਾਰੋਬਾਰਾਂ ਲਈ ਮੌਕੇ ਪੈਦਾ ਕਰਨ ਵਿੱਚ ਰਾਹ ਦਿਖਾ ਰਿਹਾ ਹੈ।

## ਸਿਟੀ ਆਫ ਬ੍ਰੈਂਪਟਨ ਦੇ ਨਾਲ ਸਰਟੀਫਾਇਡ ਡਾਇਵਰਸ ਸਪਲਾਇਰ ਬਣਨਾ

ਯੋਗ ਡਾਇਵਰਸ ਸਪਲਾਇਰਸ ਲਈ, ਸਿਟੀ ਦੇ ਖਰੀਦ ਸਬੰਧੀ ਪ੍ਰੋਜੈਕਟਾਂ ਤੇ ਬੋਲੀ ਲਗਾਉਣ ਵਾਸਤੇ, ਉਪਰੋਕਤ ਸੰਗਠਨਾਂ ਵਿੱਚੋਂ ਇੱਕ ਜਾਂ ਵੱਧ ਵੱਲੋਂ ਸਰਟੀਫਾਇਡ ਹੋਣਾ ਜ਼ਰੂਰੀ ਹੈ।

ਬਸੰਤ 2021 ਤੋਂ ਸ਼ੁਰੂ ਕਰਦੇ ਹੋਏ, ਸਿਟੀ, 25,000 ਡਾਲਰ ਤੋਂ 100,000 ਡਾਲਰ ਤੱਕ ਦੇ ਮੁੱਲ ਦੀਆਂ ਸੱਦੇ ਸਬੰਧੀ ਖਰੀਦਾਂ (Invitational Procurements) ਲਈ ਆਪਣੀ ਸਰਟੀਫਾਇਡ ਡਾਇਵਰਸ ਸਪਲਾਇਰ ਸੂਚੀ (Certified Diverse Supplier List) ਦੇਖੇਗੀ। ਇਸ ਪ੍ਰੋਗਰਾਮ ਦੁਆਰਾ, ਜਦੋਂ ਸਿਟੀ ਸੰਗਠਨਾਂ ਤੋਂ ਬੋਲੀਆਂ ਮੰਗਵਾਉਂਦੀ ਹੈ, ਤਾਂ ਇਸ ਵਿੱਚ ਦਿੱਤੇ ਗਏ ਪ੍ਰੋਜੈਕਟ ਤੇ ਬੋਲੀ ਲਗਾਉਣ ਵਾਸਤੇ, ਇਸਦੀ ਸਰਟੀਫਾਇਡ ਡਾਇਵਰਸ ਸਪਲਾਇਰ ਸੂਚੀ ਵਿੱਚੋਂ ਘੱਟੋ-ਘੱਟ ਇੱਕ ਕਾਰੋਬਾਰੀ ਸ਼ਾਮਲ ਹੋਵੇਗਾ।

## ਲਿੰਕ

- ਬਾਇ ਸੋਸ਼ਲ ਕੈਨੇਡਾ (Buy Social Canada)
- ਕੈਨੇਡਿਅਨ ਐਬਓਰਿਜਿਨਲ ਐਂਡ ਮਾਇਨੋਰਿਟੀ ਸਪਲਾਇਰ ਕਾਉਂਸਿਲ (Canadian Aboriginal and Minority Supplier Council)

- [ਕੈਨੇਡਿਅਨ ਗੇ ਐਂਡ ਲੈਸਬੀਅਨ ਚੈਂਬਰ ਆਫ ਕੌਮਰਸ (Canadian Gay and Lesbian Chamber of Commerce)]
- [ਇਨਕਲੂਸਿਵ ਵਰਕਪਲੇਸ ਸਪਲਾਈ ਕਾਉਂਸਿਲ ਆਫ ਕੈਨੇਡਾ (Inclusive Workplace Supply Council of Canada)]
- [ਡਬਲਯੂ.ਬੀ.ਈ. ਕੈਨੇਡਾ, ਸਰਟੀਫਾਇਡ ਵੂਮੈਨ ਬਿਜਨੇਸ ਐਂਟਰਪ੍ਰਾਈਸੇਜ (WBE Canada, Certified Women Business Enterprises)]
- [ਸਿਟੀ ਆਫ ਬ੍ਰੈਂਪਟਨ ਪ੍ਰੋਕਿਉਰਮੈਂਟ ਪ੍ਰੈਕਟਿਸਿਜ (City of Brampton procurement practices)]
- [ਸਿਟੀ ਆਫ ਬ੍ਰੈਂਪਟਨ ਬਿਡਸ ਐਂਡ ਟੈਂਡਰਸ ਵੈਬਪੇਜ (City of Brampton bids&tenders webpage)]

**ਹਵਾਲੇ**

"ਬ੍ਰੈਂਪਟਨ ਇੱਕ ਮੋਜੈਕ ਹੈ ਅਤੇ ਵੰਨ-ਸੁਵੰਨਤਾ ਅਤੇ ਸ਼ਮੂਲੀਅਤ, ਸਾਡੀ ਖਰੀਦ ਸਮੇਤ, ਸਾਡੀਆਂ ਸਾਰੀਆਂ ਸੇਵਾਵਾਂ ਵਿੱਚ ਸ਼ਾਮਲ ਹਨ। ਨਵਾਂ ਸਪਲਾਈ ਚੇਨ ਡਾਇਵਰਸਿਟੀ ਪ੍ਰੋਗਰਾਮ, ਸਿਟੀ ਦੇ ਨਾਲ ਕਾਰੋਬਾਰ ਕਰਨ ਲਈ, ਵੱਧ ਔਰਤਾਂ, ਇੰਡੀਜੀਨਸ, LGBTQ2SA ਅਤੇ ਅਲਪ ਸੰਖਿਅਕ-ਮਾਲਕਾਂ ਵਾਲੇ ਉੱਦਮੀਆਂ ਦੀ ਮਦਦ ਕਰਨ ਵਿੱਚ ਇੱਕ ਮਹੱਤਵਪੂਰਣ ਕਦਮ ਹੈ। ਅਸੀਂ ਸਾਡੇ ਭਾਈਚਾਰੇ ਵਿੱਚ ਕਾਰੋਬਾਰ ਕਰਨ ਵਾਸਤੇ ਸਾਰੇ ਸਪਲਾਇਰਾਂ ਲਈ, ਵੱਧ ਬਰਾਬਰੀ ਵਾਲੀ ਪਹੁੰਚ ਪ੍ਰਦਾਨ ਕਰ ਰਹੇ ਹਾਂ।"

- *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

"ਅਸੀਂ ਸਾਰੇ ਲੋਕਾਂ ਵੱਲੋਂ ਮਾਲਕੀ ਵਾਲੇ ਕਾਰੋਬਾਰਾਂ ਦੀ ਹਿਮਾਇਤ ਕਰਦੇ ਹਾਂ। ਸਾਡੀ ਸਪਲਾਇਰ ਵੰਨ-ਸੁਵੰਨਤਾ ਵਿੱਚ ਸੁਧਾਰ ਕਰਨਾ, ਇਹ ਦਰਸਾਉਂਦਾ ਹੈ ਕਿ ਬ੍ਰੈਂਪਟਨ, ਕਿਵੇਂ ਇੱਕ ਸ਼ਮੂਲੀਅਤ ਵਾਲਾ ਭਾਈਚਾਰਾ ਹੈ, ਜਿੱਥੇ ਹਰ ਕਿਸੇ ਨੂੰ ਸਿਟੀ ਦੇ ਨਾਲ ਕਾਰੋਬਾਰ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਡਾਇਵਰਸ ਕਾਰੋਬਾਰਾਂ ਨੂੰ ਜਿੰਨੀ ਜਲਦੀ ਹੋ ਸਕੇ, ਸਰਟੀਫਾਇਡ ਡਾਇਵਰਸ ਸਪਲਾਇਰ ਸੂਚੀ ਦਾ ਹਿੱਸਾ ਬਣਨ ਵਾਸਤੇ ਅਰਜ਼ੀ ਦੇਣੀ ਚਾਹੀਦੀ ਹੈ।"

- *ਹਰਕੀਰਤ ਸਿੰਘ* (Harkirat Singh), *ਚੇਅਰ, ਕਾਰਪੋਰੇਟ ਸਰਵਿਸਿਜ਼; ਸਿਟੀ ਕਾਉਂਸਲਰ, ਵਾਰਡਸ 9 ਅਤੇ 10, ਸਿਟੀ ਆਫ ਬ੍ਰੈਂਪਟਨ*

"ਅਸੀਂ, ਬ੍ਰੈਂਪਟਨ ਵਿੱਚ ਡਾਇਵਰਸ ਕਾਰੋਬਾਰਾਂ ਲਈ ਮੌਕੇ ਪੈਦਾ ਕਰਨ ਵਿੱਚ ਮਦਦ ਕਰ ਰਹੇ ਹਾਂ। ਅਸੀਂ ਉਹਨਾਂ ਨੂੰ ਸਿਟੀ ਦੀ ਪਾਰਦਰਸ਼ੀ ਅਤੇ ਨਿਰਪੱਖ ਖਰੀਦ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦੇ ਹਾਂ। ਅਸੀਂ ਲਗਾਤਾਰ ਅਜਿਹੇ ਤਰੀਕੇ ਸਿੱਖ ਅਤੇ ਵਿਕਸਿਤ ਕਰ ਰਹੇ ਹਾਂ, ਜਿਹਨਾਂ ਵਿੱਚ ਅਸੀਂ ਡਾਇਵਰਸ ਕਾਰੋਬਾਰਾਂ ਨੂੰ ਸ਼ਾਮਲ ਕਰਦੇ ਹਾਂ। ਸਾਨੂੰ ਇਹਨਾਂ ਪੰਜ ਨਵੇਂ ਸਪਲਾਇਰਸ ਦੇ ਨਾਲ ਕਾਰਪੋਰੇਟ ਮੈਂਬਰ ਹੋਣ ਤੇ ਮਾਣ ਹੈ।"

- *ਰੋਏਨਾ ਸੈਂਟੋਸ* (Rowena Santos), *ਵਾਈਸ-ਚੇਅਰ, ਕਾਰਪੋਰੇਟ ਸਰਵਿਸਿਜ਼; ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ, ਇੱਕ ਵੰਨ-ਸੁਵੰਨੀ, ਸ਼ਮੂਲੀਅਤ ਵਾਲੀ ਅਤੇ ਸਮਾਜਿਕ ਤੌਰ ਤੇ ਸੁਚੇਤ ਮਿਉਨਿਸਿਪਲਟੀ ਹੈ। ਅਸੀਂ ਜਾਣਦੇ ਹਾਂ ਕਿ ਛੋਟੇ ਅਤੇ ਦਰਮਿਆਨੇ ਕਾਰੋਬਾਰੀਆਂ ਲਈ ਕਾਰੋਬਾਰ ਸਬੰਧੀ ਮੌਕੇ ਪੈਦਾ ਕਰਨਾ ਕਿੰਨਾ ਮਹੱਤਵਪੂਰਣ ਹੈ, ਖਾਸ ਕਰਕੇ ਔਰਤਾਂ, ਇੰਡਜੀਨਸ ਲੋਕਾਂ, LGBTQ2SA ਭਾਈਚਾਰੇ ਅਤੇ ਅਲਪ ਸੰਖਿਅਕ ਵਰਗਾਂ ਦੀ ਮਾਲਕੀ ਵਾਲੇ। ਇਹ, ਸਿਟੀ ਦੇ ਸਪਲਾਈ ਚੇਨ ਡਾਇਵਰਸਿਟੀ ਪ੍ਰੋਗਰਾਮ ਨੂੰ ਵਿਕਸਿਤ ਕਰਨ ਵਿੱਚ ਇੱਕ ਮਹੱਤਵਪੂਰਣ ਉਪਲਬਧੀ ਹੈ ਅਤੇ ਹੋਰਾਂ ਸ਼ਹਿਰਾਂ ਵੱਲੋਂ ਅਪਨਾਉਣ ਵਾਸਤੇ ਬਹੁਤ ਵੱਡੀ ਮਿਸਾਲ ਹੈ।"

- *ਡੇਵਿਡ ਬੈਰਿਕ* (David Barrick), *ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਬਾਇ ਸੋਸ਼ਲ ਕੈਨੇਡਾ ਸੋਸ਼ਲ ਪਰਚੇਜਿੰਗ ਪਾਰਟਨਰ ਵਜੋਂ, ਸਿਟੀ ਆਫ ਬ੍ਰੈਂਪਟਨ ਇਸ ਵਾਸਤੇ 'ਸਭ ਤੋਂ ਵਧੀਆ ਮੁੱਲ' ਪ੍ਰਾਪਤ ਕਰਨ ਲਈ ਆਪਣੀ ਵਚਨਬੱਧਤਾ ਦਰਸਾ ਰਹੀ ਹੈ ਕਿ ਉਹ, ਭਾਈਚਾਰਕ ਮੁੱਲ ਪੈਦਾ ਕਰਨ ਅਤੇ ਲੋਕਲ ਆਰਥਿਕ ਅਸਰਾਂ ਦਾ ਲਾਭ ਲੈਣ ਅਤੇ ਮੁੜ ਬਿਹਤਰ ਬਣਾਉਣ ਦੇ ਮੌਕੇ ਪੈਦਾ ਕਰਨ ਲਈ, ਮੌਜੂਦਾ ਖ਼ਰਚ ਨੂੰ ਕਿਵੇਂ ਵਰਤ ਰਹੇ ਹਨ।"

- *ਐਲਿਜ਼ਾਬੇਥ ਚਿਕ (Elizabeth Chick), ਐਗਜ਼ੀਕਿਉਟਿਵ ਡਾਇਰੈਕਟਰ, ਬਾਇ ਸੋਸ਼ਲ ਕੈਨੇਡਾ*

"ਸੀ.ਏ.ਐਮ.ਐਸ.ਸੀ. (ਕੈਨੇਡਿਅਨ ਐਬਓਰਿਜਿਨਲ ਐਂਡ ਮਾਇਨੋਰਿਟੀ ਸਪਲਾਇਰ ਕਾਉਂਸਿਲ) ਸਾਡੇ ਬਿਲਕੁੱਲ ਨਵੇਂ ਕਾਰਪੋਰੇਟ ਮੈਂਬਰ ਵਜੋਂ, ਸਿਟੀ ਆਫ ਬ੍ਰੈਂਪਟਨ ਦਾ ਸੁਆਗਤ ਕਰਦੀ ਹੈ। 2019 ਵਿੱਚ, ਸਿਟੀ ਆਫ ਬ੍ਰੈਂਪਟਨ ਨੇ, ਵੱਧ ਮਜ਼ਬੂਤ ਅਤੇ ਵੱਧ ਜੋਸ਼ੀਲਾ ਬ੍ਰੈਂਪਟਨ ਵਿਕਸਿਤ ਕਰਨ ਲਈ ਸਫਲਤਾਪੂਰਬਕ, ਆਪਣੀ ਵਰਕਪਲੇਸ ਡਾਇਵਰਸਿਟੀ ਐਂਡ ਇਨਕਲੂਜਨ ਸਟ੍ਰੈਟਜੀ ਸ਼ੁਰੂ ਕੀਤੀ ਸੀ। ਸੀ.ਏ.ਐਮ.ਐਸ.ਸੀ. ਨੂੰ, ਸਿਟੀ ਆਫ ਬ੍ਰੈਂਪਟਨ ਦੇ ਨਾਲ ਕੰਮ ਕਰਨ ਤੇ ਬਹੁਤ ਮਾਣ ਹੈ, ਜਦੋਂ ਇਹ ਸਪਲਾਇਰ ਡਾਇਵਰਸਿਟੀ ਨੂੰ ਸ਼ਾਮਲ ਕਰਨ ਵਾਸਤੇ ਆਪਣੀ ਇਨਕਲੂਜਨ ਸਟ੍ਰੈਟਜੀ ਦਾ ਵਿਸਤਾਰ ਕਰ ਰਹੀ ਹੈ। ਅਸੀਂ, ਕੈਨੇਡਾ ਵਿੱਚ ਸਾਡੇ ਇੰਡੀਜੀਨਸ ਅਤੇ ਅਲਪ ਸੰਖਿਅਕ ਸਪਲਾਇਰਸ ਲਈ ਮੌਕੇ ਪੈਦਾ ਕਰਨ ਲਈ ਅਤੇ ਆਰਥਿਕ ਬਰਾਬਰੀ ਸੰਚਾਲਿਤ ਕਰਨ ਲਈ, ਮਜ਼ਬੂਤ ਰਿਸ਼ਤੇ ਬਣਾਉਣ ਲਈ ਉਤਸ਼ਾਹਿਤ ਹਾਂ।"

- *ਕੈਸਾਂਡਰਾ ਡੋਰਿੰਗਟਨ (Cassandra Dorrington), ਪ੍ਰੈਜ਼ੀਡੈਂਟ ਐਂਡ ਸੀ.ਈ.ਓ., ਕੈਨੇਡਿਅਨ ਐਬਓਰਿਜਿਨਲ ਐਂਡ ਮਾਇਨੋਰਿਟੀ ਸਪਲਾਇਰ ਕਾਉਂਸਿਲ*

"ਕਾਰਪੋਰੇਟ ਅਤੇ ਸਰਕਾਰੀ ਭਾਈਵਾਲ, ਸਾਡੇ ਸਪਲਾਇਰ ਡਾਇਵਰਸਿਟੀ ਪ੍ਰੋਗਰਾਮ ਦੀ ਰੀੜ੍ਹ ਦੀ ਹੱਡੀ ਹਨ। ਅਸੀਂ ਸਿਟੀ ਆਫ ਬ੍ਰੈਂਪਟਨ ਦਾ ਸੁਆਗਤ ਕਰਦੇ ਹਾਂ ਅਤੇ ਸੀ.ਜੀ.ਐਲ.ਸੀ.ਸੀ. ਦੇ ਨਵੀਨਤਾਕਾਰੀ ਸਰਟੀਫਾਇਡ ਸਪਲਾਇਰਸ ਦੇ ਨਾਲ, ਉਹਨਾਂ ਦੇ ਜੁੜਨ ਲਈ ਉਤਸ਼ਾਹਿਤ ਹਾਂ। ਇਕੱਠੇ ਮਿਲ ਕੇ, ਅਸੀਂ ਕੈਨੇਡਿਅਨ LGBT+ਉੱਦਮ ਦੀ ਹਿਮਾਇਤ ਕਰਨਾ ਜਾਰੀ ਰੱਖਾਂਗੇ।"

- *ਡੈਰਲ ਸ਼ੂਰਮੈਨ (Darrell Schuurman), ਕੋ-ਫਾਊਂਡਰ ਐਂਡ ਸੀ.ਈ.ਓ., ਕੈਨੇਡਿਅਨ ਗੇ ਐਂਡ ਲੈਸਬੀਅਨ ਚੈਂਬਰ ਆਫ ਕੌਮਰਸ*

"ਸਿਟੀ ਆਫ ਬ੍ਰੈਂਪਟਨ ਨੂੰ, ਸਪਲਾਇਰ ਡਾਇਵਰਸਿਟੀ ਵਿੱਚ ਉਹਨਾਂ ਦੇ ਸ਼ਾਨਦਾਰ ਕੰਮ ਲਈ ਵਧਾਈ ਹੋਵੇ! ਇਨਕਲੂਸਿਵ ਵਰਕਪਲੇਸ ਐਂਡ ਸਪਲਾਈ ਕਾਉਂਸਿਲ ਆਫ ਕੈਨੇਡਾ, ਇਸਦਾ ਹਿੱਸਾ ਬਣ ਕੇ ਬੇਹੱਦ ਖੁਸ਼ ਹੈ! ਸਪਲਾਇਰ ਡਾਇਵਰਸਿਟੀ ਦਾ ਕੇਸ ਦਾ, ਕੈਨੇਡਾ ਵਿੱਚ ਪੂਰਾ ਲਿਖਤੀ ਪ੍ਰਮਾਣ ਹੈ। ਇਹ ਦੇਖ ਕੇ ਸਾਨੂੰ ਖੁਸ਼ੀ ਹੋ ਰਹੀ ਹੈ ਕਿ ਸਿਟੀ ਆਫ ਬ੍ਰੈਂਪਟਨ, ਅਪਾਹਜਪੁਣੇ ਵਾਲੇ ਅਤੇ ਸਾਬਕਾ ਫੌਜੀਆਂ ਉੱਦਮੀਆਂ ਦੇ ਨਾਲ ਕੰਮ ਕਰਨ ਦੇ ਫਾਇਦਿਆਂ ਨੂੰ ਸਮਝਦੀ ਹੈ। ਅਸੀਂ ਸ਼ਾਨਦਾਰ ਸਫਲਤਾ ਲਈ ਉਤਸ਼ਾਹਿਤ ਹਾਂ!"

- *ਡੀਡਰੀ ਗਾਇ (Deidre Guy), ਫਾਊਂਡਰ, ਇਨਕਲੂਸਿਵ ਵਰਕਪਲੇਸ ਸਪਲਾਈ ਕਾਉਂਸਿਲ ਆਫ ਕੈਨੇਡਾ*

"ਡਬਲਯੂ.ਬੀ.ਈ. ਕੈਨੇਡਾ ਕਮਿਉਨਿਟੀ ਵਿੱਚ, ਸਿਟੀ ਆਫ ਬ੍ਰੈਂਪਟਨ ਦਾ ਸੁਆਗਤ ਕਰਨਾ ਰੋਮਾਂਚਕ ਹੈ। ਹੁਣ ਇਹ, ਆਪਣਾ ਸਪਲਾਇਰ ਡਾਇਵਰਸਿਟੀ ਪ੍ਰੋਗਰਾਮ ਸ਼ੁਰੂ ਕਰਨ ਵਾਲਾ ਦੂਜਾ ਕੈਨੇਡਿਅਨ ਸ਼ਹਿਰ ਹੈ। ਹਾਲਾਂਕਿ ਕਈ ਮਿਉਨਿਸਿਪਲਟੀਜ, ਖਰੀਦ ਸਬੰਧੀ ਮੌਕਿਆਂ ਦੁਆਰਾ ਔਰਤਾਂ ਦੀ ਮਾਲਕੀ ਵਾਲੇ ਕਾਰੋਬਾਰਾਂ ਦੀ ਮਦਦ ਕਰਨ ਬਾਰੇ ਗੱਲ ਕਰਦੀਆਂ ਹਨ, ਇਹ ਦੇਖ ਕੇ ਸਾਨੂੰ ਖੁਸ਼ੀ ਹੋ ਰਹੀ ਹੈ ਕਿ ਸਿਟੀ ਆਫ ਬ੍ਰੈਂਪਟਨ ਨੇ ਨਿਰਣਾਇਕ ਕਾਰਵਾਈ ਕਰਕੇ, ਕਿਰਿਆਸ਼ੀਲ ਢੰਗ ਨਾਲ, ਕੈਨੇਡਿਅਨ ਵੂਮੈਨ ਬਿਜਨੇਸ ਐਂਟਰਪ੍ਰਾਈਜੇਸ (ਡਬਲਯੂ.ਬੀ.ਈ.) ਨਾਲ ਰਿਸ਼ਤੇ ਅੱਗੇ ਵਧਾਏ ਹਨ ਅਤੇ ਉਹਨਾਂ ਲਈ ਮੌਕੇ ਪੈਦਾ ਕੀਤੇ ਹਨ। ਇਹ ਕਦਮ, ਵੰਨ-ਸੁਵੰਨੇ ਭਾਈਚਾਰਿਆਂ ਨੂੰ ਮਦਦ ਕਰਨ ਅਤੇ ਅੱਗੇ ਵਧਣ ਵਿੱਚ ਉਹਨਾਂ ਦੀ ਮਦਦ ਦੇ ਪ੍ਰਤੀ, ਬ੍ਰੈਂਪਟਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ, ਜੋ ਖਾਸ ਕਰਕੇ ਮਹਾਂਮਾਰੀ ਦੇ ਦੌਰਾਨ, ਬੇਹੱਦ ਮਹੱਤਵਪੂਰਣ ਹੈ।"

- *ਸਿਲਵਿਆ ਪੈਨਕੈਕ (Sylvia Pencak), ਪ੍ਰੈਜ਼ੀਡੈਂਟ, ਡਬਲਯੂ.ਬੀ.ਈ. ਕੈਨੇਡਾ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ

ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca